

ਟੋਕੀਓ ਵਿਖੇ ਰਵਾਨਗੀ ਤੋਂ ਪਹਿਲਾਂ ਇਕ ਸਿੱਖ ਆਗੂ ਨਾਲ ਮੁਲਾਕਾਤ ਕਰਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ। (ਏ.ਪੀ.)

# ਵਿਸ਼ਵ ਨੂੰ ਆਰਥਕ ਮੰਦੇ ਤੇ ਅਤਿਵਾਦ ਤੋਂ ਖ਼ਤਰਾ : ਪ੍ਰਧਾਨ ਮੰਤਰੀ

## ਜਾਪਾਨ ਦਾ ਤਿੰਨ ਦਿਨਾ ਦੌਰਾ ਖ਼ਤਮ, ਏ.ਐਸ.ਈ.ਐਮ. ਸੰਮੇਲਨ 'ਚ ਸ਼ਿਰਕਤ ਕਰਨ ਲਈ ਚੀਨ ਪਹੁੰਚੇ

**ਟੋਕੀਉ/ਬੀਜਿੰਗ, 23 ਅਕਤੂਬਰ:** ਜਾਪਾਨ ਦਾ ਤਿੰਨ ਦਿਨਾ ਦੌਰਾ ਖ਼ਤਮ ਕਰਨ ਪਿਛੋਂ ਪ੍ਰਧਾਨ ਮੰਤਰੀ ਡਾ. ਮਨੋਮਹਨ ਸਿੰਘ ਅੱਜ ਚੀਨ ਦੀ ਰਾਜਧਾਨੀ ਬੀਜਿੰਗ ਪੁਹੰਚ ਗਏ, ਜਿਥੇ ਉਹ ਵਿਸ਼ਵਵਿਆਪੀ ਆਰਥਕ ਮੰਦੇ ਸਬੰਧੀ ਹੋਣ ਵਾਲੇ ਏਸ਼ੀਆ-ਯੂਰਪ (ਏ.ਐਸ.ਈ.ਐਮ.) ਸੰਮੇਲਨ 'ਚ ਪਹਿਲੀ ਵਾਰ ਸ਼ਿਰਕਤ ਕਰਨਗੇ।

ਇਸ ਤੋਂ ਪਹਿਲਾਂ ਜਾਪਾਨ ਦੇ ਦੌਰੇ ਦੇ ਆਖ਼ਰੀ ਦਿਨ ਟੋਕੀਉ 'ਚ ਜਾਪਾਨ-ਇੰਡੀਆ ਐਸੋਸੀਏਸ਼ਨ ਤੇ ਜਾਪਾਨ-ਇੰਡੀਆ ਪਾਰਲੀਮਾਨੀ ਫ਼ਰੈਂਡਸ਼ਿਪ ਲੀਗ ਵਲੋਂ ਦਿਤੇ ਦੁਪਹਿਰ ਦੇ ਖਾਣੇ ਮੌਕੇ ਪ੍ਰਧਾਨ ਮੰਤਰੀ ਨੇ ਭਾਰਤ ਅਤੇ ਜਾਪਾਨ ਨੂੰ ਏਸ਼ੀਆ ਦੀਆਂ ਦੋ ਵੱਡੀਆਂ ਤਾਕਤਾਂ ਅਤੇ 'ਸ਼ਕਤੀਸ਼ਾਲੀ ਥੰਮ੍ਹ' ਦਸਦਿਆਂ ਕਿਹਾ ਕਿ ਦੋਵੇਂ ਸ਼ਕਤੀਆਂ ਸਮਾਨ ਅਨੁਪਾਤ 'ਚ ਵਿਸ਼ਵਵਿਆਪੀ ਮਾਮਲਿਆਂ ਲਈ ਕੂਟਨੀਤਕ ਭੂਮਿਕਾ ਨਿਭਾਉਣ ਲਈ ਤਿਆਰ ਹਨ।



ਚੀਨ ਪੁੱਜਣ ਮਗਰੋਂ ਜਹਾਜ਼ ਤੋਂ ਉਤਰਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ। (ਪੀ.ਟੀ.ਆਈ.)

ਪ੍ਰਧਾਨ ਮੰਤਰੀ ਨੇ ਇਥੇ ਇਤਿਹਾਸਕ ਸੁਰੱਖਿਆ ਸਹਿਯੋਗ ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਇਕ ਦਿਨ ਬਾਅਦ ਆਖਿਆ ਕਿ ਅੱਜ ਦੋ ਵੱਡੀਆਂ ਸ਼ਕਤੀਆਂ ਦੋ ਪੱਖੀ ਬਰਾਬ ਦੀ ਹਿੱਸੇਦਾਰੀ ਨਾਲ ਅਪਣੇ ਫ਼ਰਜ਼ ਨਿਭਾਉਣ ਲਈ ਤਿਆਰ ਹਨ। ਸੁਰੱਖਿਆ ਸਹਿਯੋਗ ਸਮਝੌਤੇ 'ਤੇ ਜਾਪਾਨ ਦੇ ਪ੍ਰਧਾਨ ਮੰਤਰੀ ਤਾਰੋ ਆਸੋ ਨੇ ਵੀ ਦਸਤਖ਼ਤ ਕੀਤੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਇਹ ਮਹਿਸੂਸ ਕਰਦਾ ਹੈ ਕਿ ਜਾਪਾਨ ਏਸ਼ੀਆਂ 'ਚ ਅਮਨ ਅਤੇ ਸਥਿਰਤਾ ਦੀ ਬਹਾਲੀ ਲਈ ਸ਼ਕਤੀਸ਼ਾਲੀ ਅਤੇ ਗਤੀਸ਼ੀਲ ਦੇਸ਼ ਹੈ। ਵਿਸ਼ਵ ਸ਼ਾਂਤੀ ਅਤੇ ਖ਼ੁਸ਼ਹਾਲੀ ਲਈ ਜਾਪਾਨ ਕੋਲ ਵਿਕਾਸ ਦਾ ਅਹਿਮ ਤਜਰਬਾ ਹੈ, ਜੋ ਵਿਸ਼ਵ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਕਾਫ਼ੀ ਹੈ। ਸਮਾਗਮ 'ਚ ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਯੋਸ਼ੀਰੋ ਮੋਰੀ ਵੀ ਹਾਜ਼ਰ ਸਨ, ਜਿਨ੍ਹਾਂ ਨੇ 2000 ਵਿਚ ਸਾਬਕਾ ਪ੍ਰਧਾਨ ਮੰਤਰੀ ਯਾਸੂਉ ਫ਼ੁਕਾਡਾ ਨਾਲ ਭਾਰਤ ਦਾ ਦੌਰਾ ਕੀਤਾ ਸੀ।

ਜਾਪਾਨ ਦਾ ਦੌਰਾ ਖ਼ਤਮ ਕਰਨ ਪਿਛੋਂ ਪ੍ਰਧਾਨ ਮੰਤਰੀ ਬੀਜਿੰਗ ਲਈ ਰਵਾਨਾ ਹੋ ਗਏ। ਇਥੇ ਉਹ ਵਿਆਪਕ ਆਰਥਕ ਮੰਦੇ ਸਬੰਧੀ ਏ.ਐਸ.ਈ.ਐਮ. ਸੰਮੇਲਨ ਦੌਰਾਨ ਜਰਮਨ ਦੇ ਵਾਈਸ ਚਾਂਸਲਰ ਐਂਜਲਾ ਮੌਰਕਲ, ਚੀਨੀ ਰਾਸ਼ਟਰਪਤੀ ਹੂ ਜਿਨਤਾਉ, ਮੰਗੋਲੀਆ ਦੇ ਰਾਸ਼ਟਰਪਤੀ ਨਮਬਾਰੀਅਨ, ਬੁਲਗਾਰੀਆ ਦੇ ਰਾਸ਼ਟਰਪਤੀ ਜੌਰਜੀ ਪਰਵਾਰੋਵ ਤੋਂ ਇਲਾਵਾ ਇਟਲੀ ਤੇ ਵੀਅਤਨਾਮ ਦੇ ਪ੍ਰਧਾਨ ਮੰਤਰੀਆਂ ਨਾਲ ਵੀ ਵਿਚਾਰ ਵਟਾਂਦਰਾ ਕਰਨਗੇ। ਇਸ ਤੋਂ ਇਲਾਵਾ ਉਹ ਉਕਤ ਆਗੂਆਂ ਨਾਲ ਕੂਟਨੀਤਕ ਸਬੰਧਾਂ ਬਾਰੇ ਵੀ ਚਰਚਾ ਕਰਨਗੇ। (ਪੀ.ਟੀ.ਆਈ.)